Canadian Society of Transplantation
Société canadienne de transplantation
LEADERSHIP IN CANADIAN TRANSPLANTATION | LEADERSHIP EN TRANSPLANTATION AU CANADA

# ਕੋਵਿਡ-19 ਦੇ ਵੈਕਸੀਨ ਦੇ ਸੰਬਧ ਵਿੱਚ ਟ੍ਰਾਂਸਪਲਾਂਟ ਬਾਰੇ ਨੈਸ਼ਨਲ ਸਹਿਮਤੀ ਦੀ ਸੇਧ

**ਜਾਣ-ਪਛਾਣ**

ਇਹ ਲਿਖਤ ਮਾਹਰਾਂ ਦੀ ਸਹਿਮਤੀ ਦੀ ਸੇਧ ਪ੍ਰਦਾਨ ਕਰਦੀ ਹੈ, ਜਿਸ ਸੇਧ ਨੂੰ ਅੰਗਾਂ ਦੇ ਦਾਨ ਨਾਲ ਸੰਬੰਧਿਤ ਸੂਬਾਈ ਸੰਸਥਾਂਵਾਂ ਅਤੇ ਇਲਾਕਾਈ ਪੱਧਰ ਦੇ ਅੰਗਾਂ ਦੇ ਟ੍ਰਾਂਸਪਲਾਂਟ ਅਤੇ ਦਾਨ ਦੇ ਪ੍ਰੋਗਰਾਮ ਮਹਾਂਮਾਰੀ ਦੇ ਮੱਦੇਨਜ਼ਰ ਅੰਗ ਪ੍ਰਾਪਤ ਕਰਨ ਵਾਲੇ ਲੋਕਾਂ (ਟ੍ਰਾਂਸਪਲਾਂਟ ਰਿਸੀਪੀਐਂਟਸ) ਵਿੱਚ ਵਰਤ ਸਕਦੇ ਹਨ। ਇਹ ਸਮਝਿਆ ਜਾਂਦਾ ਹੈ ਕਿ ਹਰ ਇਕ ਸੰਸਥਾ, ਪ੍ਰੋਗਰਾਮ ਅਤੇ ਖੇਤਰ ਆਪਣੀਆਂ ਆਪਣੀਆਂ ਨੀਤੀਆਂ ਤਿਆਰ ਕਰਨਗੇ।

ਕਿਉਂਕਿ ਸਥਿਤੀ ਤੇਜ਼ੀ ਨਾਲ ਬਦਲ ਰਹੀ ਹੈ, ਇਸ ਲਈ ਅਗਾਂਹ ਵਧਦਿਆਂ, ਸਹਿਮਤੀ ਵਾਲੀ ਇਸ ਸੇਧ ਬਾਰੇ ਵਿਚਾਰ ਕਰਨ ਲਈ ਅਤੇ ਇਸ ਨੂੰ ਅਪਡੇਟ ਕਰਨ ਲਈ ਨੈਸ਼ਨਲ ਪੱਧਰ ਦੇ ਮਾਹਰਾਂ ਨਾਲ ਬਕਾਇਦਗੀ ਨਾਲ ਟੈਲੀਫੋਨ ਰਾਹੀਂ ਕਾਨਵਰਸੰਾਂ ਕੀਤੀਆਂ ਜਾਂਦੀਆਂ ਰਹਿਣਗੀਆਂ। ਇਹ ਵਿਚਾਰ ਅਤੇ ਸਹਿਮਤੀ ਕੈਨੇਡੀਅਨ ਸੁਸਾਇਟੀ ਫਾਰ ਟ੍ਰਾਂਸਪਲਾਂਟੇਸ਼ਨ, ਕੈਨੇਡੀਅਨ ਬਲੱਡ ਸਰਵਿਸਜ਼ ਦੀਆਂ ਐਡਵਾਈਜ਼ਰੀ ਕਮੇਟੀਆਂ, ਹੈਲਥ ਕੈਨੇਡਾ, ਕੈਨੇਡਾ ਦੀ ਪਬਲਿਕ ਹੈਲਥ ਏਜੰਸੀ, ਡਬਲਿਊ ਐੱਚ ਓ, ਸੂਬਾਈ ਏਜੰਸੀਆਂ, ਅਤੇ ਅੰਤਰਰਾਸ਼ਟਰੀ ਭਾਗੀਦਾਰਾਂ (ਯੂ.ਕੇ. ਅਤੇ ਸਪੇਨ ਸਮੇਤ) ਦੀਆਂ ਸਿਫਾਰਿਸ਼ਾਂ ਵੱਲ ਧਿਆਨ ਦਿੰਦੀ ਰਹੇਗੀ।

ਇਸ ਲਿਖਤ ਨੂੰ ਆਖਰੀ ਵਾਰ **23 ਜਨਵਰੀ 2021** ਨੂੰ ਅਪਡੇਟ ਕੀਤਾ ਗਿਆ ਸੀ ਅਤੇ ਜਿਵੇਂ ਜਿਵੇਂ ਨਵੇਂ ਸਬੂਤ ਅਤੇ ਜਾਣਕਾਰੀ ਪ੍ਰਾਪਤ ਹੁੰਦੀ ਜਾਵੇਗੀ, ਤਿਵੇਂ ਤਿਵੇਂ ਇਸ ਨੂੰ ਅਪਡੇਟ ਕੀਤਾ ਜਾਂਦਾ ਰਹੇਗਾ।

## ਕੋਵਿਡ-19 ਅਤੇ ਅੰਗ ਪ੍ਰਾਪਤ ਕਰਨ ਵਾਲਿਆਂ (ਟ੍ਰਾਂਸਪਲਾਂਟ ਰਿਸੀਪੀਐਂਟਸ) ਬਾਰੇ ਅਸੀਂ ਕੀ ਜਾਣਦੇ ਹਾਂ?

ਕੋਵਿਡ-19 ਇਕ ਅਜਿਹੀ ਬੀਮਾਰੀ ਹੈ ਜਿਹੜੀ ਮੁੱਖ ਤੌਰ 'ਤੇ ਸਾਹ ਦੀ ਪ੍ਰਣਾਲੀ ਨਾਲ ਸੰਬੰਧਿਤ ਵਾਇਰਸ ਸਾਰਜ਼-ਕੋਵ-2 ਕਾਰਨ ਹੁੰਦੀ ਹੈ, ਪਰ ਇਹ ਕਈ-ਪ੍ਰਣਾਲੀਆਂ ਵਾਲੀਆਂ ਬੀਮਾਰੀਆਂ ਲਾ ਸਕਦੀ ਹੈ। ਅੰਗ ਪ੍ਰਾਪਤ ਕਰਨ ਵਾਲੇ ਕਈ ਲੋਕਾਂ ਨੂੰ ਕੋਵਿਡ-19 ਦੀ ਲਾਗ ਲੱਗੀ ਹੈ ਅਤੇ ਉਹਨਾਂ ਵਿੱਚੋਂ ਕੁੱਝ ਇਕ ਵਿੱਚ ਦਰਮਿਆਨੇ ਪੱਧਰ ਦੇ ਲੱਛਣ ਪੈਦਾ ਹੋਏ ਹਨ, ਕਈਆਂ ਨੂੰ ਆਈ ਸੀ ਯੂ ਵਿੱਚ ਸੰਭਾਲ ਦੀ ਲੋੜ ਪਈ ਹੈ ਅਤੇ ਕਈਆਂ ਦੀ ਮੌਤ ਹੋਈ ਹੈ। ਕੀ ਕੋਵਿਡ-19 ਬੀਮਾਰੀਆਂ ਨਾਲ ਲੜਨ ਵਾਲੀ ਘੁੱਟੀ ਗਈ ਪ੍ਰਣਾਲੀ (ਇਮਿਊਨੋਸੁਪ੍ਰੈਸ਼ਨ) ਕਾਰਨ ਜ਼ਿਆਦਾ ਗੰਭੀਰ ਹੁੰਦਾ ਹੈ, ਇਹ ਗੱਲ ਸਾਫ ਨਹੀਂ; ਪਰ ਅੰਗ ਪ੍ਰਾਪਤ ਕਰਨ ਵਾਲੇ ਕਈ ਮਰੀਜ਼ਾਂ (ਟ੍ਰਾਂਸਪਲਾਂਟ ਪੇਸ਼ੇਂਟਸ) ਵਿੱਚ ਇਸ ਦੇ ਨਾਲ ਨਾਲ ਕਈ ਹੋਰ ਸਥਿਤੀਆਂ ਵੀ ਹੁੰਦੀਆਂ ਹਨ, ਜਿਵੇਂ ਵੱਡੀ ਉਮਰ ਦੇ ਹੋਣਾ, ਗੁਰਦਿਆਂ ਦੀ ਚਿਰਕਾਲੀ ਬੀਮਾਰੀ ਦਾ ਹੋਣਾ, ਡਾਇਬੀਟੀਜ਼ ਅਤੇ ਦਿਲ/ਫੇਫੜਿਆਂ ਦੀ ਬੀਮਾਰੀ ਦਾ ਹੋਣਾ, ਜਿਹੜੀਆਂ ਉਨ੍ਹਾਂ ਵਿੱਚ ਕੋਵਿਡ-19 ਦੀ ਗੰਭੀਰ ਬੀਮਾਰੀ ਹੋਣ ਦਾ ਖਤਰਾ ਵਧਾ ਦਿੰਦੀਆਂ ਹਨ। ਫੇਫੜੇ ਪ੍ਰਾਪਤ ਕਰਨ ਵਾਲੇ ਮਰੀਜ਼ਾਂ (ਲੰਗ ਟ੍ਰਾਂਸਪਲਾਂਟ ਪੇਸ਼ੇਂਟਸ) ਵਿੱਚ ਵੀ ਖਾਸ ਤੌਰ 'ਤੇ ਗੰਭੀਰ ਬੀਮਾਰੀ ਹੋਣ ਦਾ ਖਤਰਾ ਦੇਖਿਆ ਗਿਆ ਹੈ।

## ਕੈਨੇਡਾ ਵਿੱਚ ਕੋਵਿਡ-19 ਦੇ ਵੈਕਸੀਨਾਂ ਦੀ ਕੀ ਸਥਿਤੀ ਹੈ?

ਕੋਵਿਡ-19 ਦੇ ਕਈ ਤਰ੍ਹਾਂ ਦੇ ਵੈਕਸੀਨ ਤਿਆਰੀ ਅਤੇ/ਜਾਂ ਮਾਨਤਾ ਲਈ ਵੱਖ ਵੱਖ ਪੜਾਵਾਂ 'ਤੇ ਹਨ। ਹੈਲਥ ਕੈਨੇਡਾ ਵੱਲੋਂ ਦੋ ਵੈਕਸੀਨਾਂ (ਫਾਈਜ਼ਰ/ਬਾਇਓਐਂਨਟੈਕ ਅਤੇ ਮੌਡੈਰਨਾ ਵੈਕਸੀਨ) ਨੂੰ ਵਰਤਣ ਦੀ ਮਾਨਤਾ ਦਿੱਤੀ ਗਈ ਹੈ। ਦੋਵੇਂ ਵੈਕਸੀਨ ਲਿਪਿਡ ਨੈਨੋਪਾਰਟੀਕਲ ਵਿੱਚ ਐੱਮ ਆਰ ਐੱਨ ਏ ਦੇ ਬਣੇ ਹੋਏ ਹਨ ਅਤੇ ਉਨ੍ਹਾਂ ਨੂੰ ਸਟੋਰ ਕਰਨ ਦੀਆਂ ਖਾਸ ਹਾਲਤਾਂ ਹਨ। ਇਨ੍ਹਾਂ ਵੈਕਸੀਨਾਂ ਨਾਲ ਪਲੈਸੀਬੋ-ਕਨਟਰੋਲਡ ਫੇਜ਼ 3 ਦੇ ਤਜਰਬਿਆ ਵਿੱਚ ਕੁੱਲ ਮਿਲਾ ਕੇ 70,000 ਦੇ ਕਰੀਬ ਲੋਕਾਂ ਨੇ ਹਿੱਸਾ ਲਿਆ ਸੀ। ਫਾਈਜ਼ਰ ਦਾ ਵੈਕਸੀਨ ਬੀਮਾਰੀਆਂ ਨਾਲ ਲੜਨ ਵਾਲੀ ਸਮਰੱਥ ਪ੍ਰਣਾਲੀ ਵਾਲੇ ਵਿਅਕਤੀਆਂ (ਇਮਿਊਨੋਕੰਪੀਟੈਂਟ) ਵਿੱਚ 95% ਕਾਰਗਰ ਹੈ ਅਤੇ ਇਹ 16 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਵਿਅਕਤੀਆਂ ਵਿੱਚ ਵਰਤਣ ਲਈ ਹੈ। ਮੌਡੈਰਨਾ ਵੈਕਸੀਨ ਦੀ ਕਾਰਗਰਤਾ 94.1% ਹੈ ਅਤੇ ਇਹ18 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਵਿਅਕਤੀਆਂ ਵਿੱਚ ਵਰਤਣ ਲਈ ਹੈ। ਦੋਵੇਂ ਵੈਕਸੀਨ ਦੋ ਖੁਰਾਕਾਂ ਦੀ ਲੜੀ ਵਿੱਚ ਲਾਏ ਜਾਂਦੇ ਹਨ। ਯੂਨੀਵਰਸਿਟੀ ਆਫ ਔਕਸਫੋਰਡ/ਐਸਟਰਾਜ਼ੈਨੇਕਾ ਅਡੀਨੋਵਾਈਰਸ ਵੈਕਟਰ ਵੈਕਸੀਨ (ਫੇਜ਼ 3 ਦੇ ਤਜਰਬਿਆਂ ਵਿੱਚ 62-90% ਦੀ ਕਾਰਗਰਤਾ) ਅਤੇ ਜੌਹਨਸਨ ਐਂਡ ਜੌਹਨਸਨ ਦੇ ਵੈਕਸੀਨ ਸਮੇਤ ਹੋਰ ਵੈਕਸੀਨ ਵੀ ਵਿਚਾਰ ਅਧੀਨ ਹਨ ਅਤੇ ਉਨ੍ਹਾਂ ਨੂੰ ਕੈਨੇਡਾ ਵਿੱਚ ਭਵਿੱਖ ਵਿੱਚ ਮਾਨਤਾ ਦਿੱਤੀ ਜਾ ਸਕਦੀ ਹੈ।

## ਕੋਵਿਡ-19 ਦੇ ਵੈਕਸੀਨ ਦੇ ਮਾੜੇ ਅਸਰ (ਸਾਈਡ ਇਫੈਕਟਸ) ਕਿਹੜੇ ਹਨ?

ਵੈਕਸੀਨ ਤੋਂ ਬਾਅਦ ਸਥਾਨਕ ਅਤੇ ਪ੍ਰਣਾਲੀਆਂ ਦੀ ਪੱਧਰ 'ਤੇ ਮਾੜੇ ਅਸਰ ਪੈ ਸਕਦੇ ਹਨ। ਇਨ੍ਹਾਂ ਵਿੱਚ ਸ਼ਾਮਲ ਹਨ- ਵੈਕਸੀਨ ਲਾਉਣ ਵਾਲੀ ਥਾਂ 'ਤੇ ਦਰਦ, ਸੋਜ਼, ਅਤੇ ਧੱਫੜ (ਰੈਸ਼) ਹੋਣਾ। ਫਾਈਜ਼ਰ ਦੇ ਵੈਕਸੀਨ ਵਿੱਚ ਪ੍ਰਣਾਲੀ ਪੱਧਰ ਦੇ ਲੱਛਣ ਆਮ ਤੌਰ 'ਤੇ ਛੋਟੀ ਉਮਰ ਦੇ ਲੋਕਾਂ ਵਿੱਚ ਅਤੇ ਦੂਜੀ ਖੁਰਾਕ ਤੋਂ ਬਾਅਦ ਹੋਏ ਸਨ। ਇਸ ਹੀ ਤਰ੍ਹਾਂ ਮੌਡੈਰਨਾ ਵੈਕਸੀਨ ਦੇ ਤਜਰਬਿਆਂ ਦੌਰਾਨ ਦੂਜੀ ਖੁਰਾਕ ਤੋਂ ਬਾਅਦ ਪ੍ਰਣਾਲੀ

ਪੱਧਰ ਦੀਆਂ ਜ਼ਿਆਦਾ ਘਟਨਾਵਾਂ ਹੋਈਆਂ ਸਨ। ਪ੍ਰਣਾਲੀ ਪੱਧਰ ਦੇ ਲੱਛਣ ਕੋਵਿਡ-19 ਦੀ ਬੀਮਾਰੀ ਦੇ ਲੱਛਣਾਂ ਵਰਗੇ ਹੁੰਦੇ ਹਨ, ਇਸ ਲਈ ਵੈਕਸੀਨ ਲਵਾਉਣ ਵਾਲੇ ਲੋਕਾਂ ਨਾਲ ਹਰ ਇਕ ਖੁਰਾਕ ਤੋਂ ਬਾਅਦ ਦੇ ਪਹਿਲੇ ਕੁੱਝ ਦਿਨਾਂ ਵਿੱਚ ਇਹ ਲੱਛਣ ਹੋਣ ਬਾਰੇ ਮਸ਼ਵਰਾ ਕੀਤਾ ਜਾਣਾ ਚਾਹੀਦਾ ਹੈ।

## ਅੰਗ ਪ੍ਰਾਪਤ ਕਰਨ ਵਾਲੇ ਲੋਕਾਂ (ਟ੍ਰਾਂਸਪਲਾਂਟ ਰਿਸੀਪੀਐਂਟਸ) ਦੇ ਸੰਬੰਧ ਵਿੱਚ ਕੋਵਿਡ-19 ਦੇ ਵੈਕਸੀਨ ਬਾਰੇ ਕਿਸ ਤਰ੍ਹਾਂ ਦੀ ਜਾਣਕਾਰੀ ਉਪਲਬਧ ਹਨ?

ਇਸ ਸਮੇਂ ਅੰਗ ਪ੍ਰਾਪਤ ਕਰਨ ਵਾਲੇ ਮਰੀਜ਼ਾਂ (ਟ੍ਰਾਂਸਪਲਾਂਟ ਪੇਸ਼ੇਂਟਸ) ਦੇ ਸੰਬੰਧ ਵਿੱਚ ਕੋਵਿਡ-19 ਦੇ ਕਿਸੇ ਵੀ ਵੈਕਸੀਨ ਬਾਰੇ ਕਾਰਗਰਤਾ, ਬੀਮਾਰੀਆਂ ਨਾਲ ਲੜਨ ਵਾਲੀ ਪ੍ਰਣਾਲੀ ਦੇ ਪ੍ਰਤੀਕਰਮ (ਇਮਿਊਨੋਜੈਨਿਸਟੀ) ਜਾਂ ਸੁਰੱਖਿਆ ਬਾਰੇ ਕੋਈ ਵੀ ਜਾਣਕਾਰੀ ਉਪਲਬਧ ਨਹੀਂ ਹੈ। ਵੈਕਸੀਨਾਂ ਦੇ ਫੇਜ਼ 3 ਦੇ ਤਜਰਬਿਆਂ ਵਿੱਚ ਅੰਗ ਪ੍ਰਾਪਤ ਕਰਨ ਵਾਲੇ ਲੋਕ (ਟ੍ਰਾਂਸਪਲਾਂਟ ਰਿਸੀਪੀਐਂਟਸ) ਸ਼ਾਮਲ ਨਹੀਂ ਸਨ। ਪਰ ਵੈਕਸੀਨਾਂ ਨੂੰ ਕਈ ਦੇਸ਼ਾਂ ਵਿੱਚ ਲਾਇਸੰਸ ਮਿਲਣ ਤੋਂ ਬਾਅਦ ਹੋਰ ਜਾਣਕਾਰੀ ਮਿਲਣ ਦੀ ਉਮੀਦ ਹੈ।

## ਕੀ ਅੰਗ ਪ੍ਰਾਪਤ ਕਰਨ ਵਾਲੇ ਮਰੀਜ਼ (ਟ੍ਰਾਂਸਪਲਾਂਟ ਪੇਸ਼ੇਂਟਸ) ਕੋਵਿਡ-19 ਦੇ ਵੈਕਸੀਨ ਲਵਾ ਸਕਦੇ ਹਨ?

ਭਾਵੇਂ ਕਿ ਹੋਰ ਜਾਣਕਾਰੀ ਦੀ ਲੋੜ ਹੈ, ਫਿਰ ਵੀ ਮਾਹਰਾਂ ਦੀ ਰਾਇ ਹੈ ਕਿ ਅੰਗ ਪ੍ਰਾਪਤ ਕਰਨ ਵਾਲੇ ਮਰੀਜ਼ (ਟ੍ਰਾਂਸਪਲਾਂਟ ਪੇਸ਼ੇਂਟਸ) ਵੈਕਸੀਨ ਲਵਾ ਸਕਦੇ ਹਨ (ਹੇਠਾਂ ਦੇਖੋ)। ਮਾਹਰਾਂ ਦਾ ਵਿਸ਼ਵਾਸ ਹੈ ਕਿ ਐੱਮ ਆਰ ਐੱਨ ਏ ਦੇ ਐਕਸ਼ਨ ਦੀ ਬਣਤਰ ਦੇ ਆਧਾਰ 'ਤੇ, ਇਸ ਗੱਲ ਦੀ ਸ਼ੰਕਾ ਕਰਨ ਦਾ ਕੋਈ ਕਾਰਨ ਨਹੀਂ ਕਿ ਮਾੜੇ ਅਸਰ ਆਮ ਲੋਕਾਂ ਨਾਲੋਂ ਵੱਖਰੇ ਹੋਣਗੇ। ਮਾਹਰਾਂ ਦੀ ਰਾਇ ਦੇ ਅਨੁਸਾਰ, ਵੈਕਸੀਨ ਨਾਲ ਹੋਣ ਵਾਲੇ ਸੰਭਾਵੀ ਫਾਇਦੇ ਕਾਲਪਨਿਕ ਖਤਰਿਆਂ ਤੋਂ ਵੱਧ ਹੋਣ ਦੀ ਸੰਭਾਵਨਾ ਹੈ। ਐੱਮ ਆਰ ਐੱਨ ਏ ਕਾਰਨ ਬੀਮਾਰੀਆਂ ਨਾਲ ਲੜਨ ਵਾਲੀ ਪ੍ਰਣਾਲੀ ਦਾ ਵੈਕਸੀਨ ਦੇ ਸੰਬੰਧ ਵਿੱਚ ਇਕ ਖਾਸ ਪ੍ਰਤੀਕਰਮ ਹੁੰਦਾ ਹੈ, ਅਤੇ ਵੈਕਸੀਨ ਦੀ ਬਣਤਰ ਅਤੇ ਅੰਗ ਪ੍ਰਾਪਤ ਕਰਨ ਵਾਲੇ ਮਰੀਜ਼ਾਂ (ਟ੍ਰਾਂਸਪਲਾਂਟ ਪੇਸ਼ੇਂਟਸ) ਦੇ ਦੂਜੇ ਵੈਕਸੀਨਾਂ ਨਾਲ ਸੰਬੰਧਿਤ ਵੱਡੇ ਤਜਰਬੇ ਦੇ ਆਧਾਰ 'ਤੇ ਵੈਕਸੀਨ ਲੱਗਣ ਤੋਂ ਬਾਅਦ ਐਲੋਇਮਿਊਨਿਟੀ ਜਾਂ ਅੰਗ ਨੂੰ ਰੱਦ ਕਰਨ ਦਾ ਪ੍ਰਤੀਕਰਮ ਪੈਦਾ ਹੋਣ ਦੀ ਸੰਭਾਵਨਾ ਨਹੀਂ ਹੈ। ਵੈਕਸੀਨ ਦੀ ਵੱਧ ਤੋਂ ਵੱਧ ਕਾਰਗਰਤਾ ਲਈ, ਇਹ ਸੁਝਾਅ ਦਿੱਤੇ ਜਾਂਦੇ ਹਨ ਕਿ:

- ਜਦੋਂ ਵੀ ਸੰਭਵ ਹੋਵੇ, ਵੈਕਸੀਨ ਟ੍ਰਾਂਸਪਲਾਂਟ ਤੋਂ ਪਹਿਲਾਂ ਦੀ ਸਥਿਤੀ ਵਿੱਚ ਲਾਇਆ ਜਾਵੇ ਅਤੇ ਇਸ ਦੀ ਆਖਰੀ ਖ਼ੁਰਾਕ ਟ੍ਰਾਂਸਪਲਾਂਟ ਤੋਂ ਘੱਟੋ ਘੱਟ 1-2 ਹਫਤੇ ਪਹਿਲਾਂ ਦਿੱਤੀ ਜਾਵੇ
- ਇਹ ਜ਼ਰੂਰੀ ਨਹੀਂ ਕਿ ਵੈਕਸੀਨ ਦੀ ਉਡੀਕ ਵਿੱਚ ਮਰੀਜ਼ ਦੇ ਟ੍ਰਾਂਸਪਲਾਂਟ 'ਤੇ ਰੋਕ ਲਾਈ ਜਾਵੇ
- ਇੰਡਕਸ਼ਨ ਥੈਰੇਪੀ ਦੀ ਪਰਵਾਹ ਕੀਤੇ ਬਿਨਾਂ ਟ੍ਰਾਂਸਪਲਾਂਟ ਤੋਂ ਬਾਅਦ ਦੇ ਮਰੀਜ਼ਾਂ ਦੇ ਵੈਕਸੀਨ ਲਾਉਣ ਲਈ, ਟ੍ਰਾਂਸਪਲਾਂਟ ਤੋਂ ਬਾਅਦ ਘੱਟੋ ਘੱਟ 1 ਮਹੀਨੇ ਦੀ ਉਡੀਕ ਕੀਤੀ ਜਾਵੇ।
- ਆਦਰਸ਼ਕ ਤੌਰ 'ਤੇ (ਫਾਈਜ਼ਰ ਜਾਂ ਮੋਡੈਰਨਾ ਵੈਕਸੀਨ) ਦੀਆਂ ਪੂਰੀਆਂ ਦੋ ਖ਼ੁਰਾਕਾਂ ਦੀ ਲੜੀ ਸਿਫਾਰਿਸ਼ ਕੀਤੇ ਵਕਫੇ ਦੇ ਆਧਾਰ 'ਤੇ ਦਿੱਤੀ ਜਾਵੇ। ਜੇ ਮਰੀਜ਼ ਦਾ ਪਹਿਲੀ ਅਤੇ ਦੂਜੀ ਖ਼ੁਰਾਕ ਦੇ ਵਿਚਕਾਰ ਟ੍ਰਾਂਸਪਲਾਂਟ ਕੀਤਾ ਜਾਂਦਾ ਹੈ ਤਾਂ ਦੂਸਰੀ ਖ਼ੁਰਾਕ ਟ੍ਰਾਂਸਪਲਾਂਟ ਤੋਂ 1 ਮਹੀਨਾ ਬਾਅਦ ਦਿੱਤੀ ਜਾਵੇ। ਇਸ ਤੋਂ ਵੱਧ ਖ਼ੁਰਾਕਾਂ ਦੀ ਸਿਫਾਰਿਸ਼ ਨਹੀਂ ਕੀਤੀ ਜਾਂਦੀ।
- ਐਕਿਊਟ ਰਿਜੈਕਸ਼ਨ ਦੇ ਸਰਗਰਮ ਇਲਾਜ (ਐਕਟਿਵ ਟ੍ਰੀਟਮੈਂਟ) ਕਰਾ ਰਹੇ ਮਰੀਜ਼ਾਂ ਦੇ ਵੈਕਸੀਨ ਲਾਉਣ ਨੂੰ 1 ਮਹੀਨੇ ਦੇ ਸਮੇਂ ਲਈ ਅੱਗੇ ਪਾਇਆ ਜਾ ਸਕਦਾ ਹੈ।
- ਵੱਧ ਕਾਰਗਰਤਾ ਲਈ ਰਿਟਕਸੀਮੈਬ ਤੋਂ ਬਾਅਦ ਘੱਟੋ ਘੱਟ 3 ਮਹੀਨਿਆਂ ਲਈ ਵੈਕਸੀਨ ਲਾਉਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।
- ਜੇ ਕਿਸੇ ਮਰੀਜ਼ ਨੂੰ ਪਹਿਲਾਂ ਕੋਵਿਡ-19 ਹੋ ਚੁੱਕਾ ਹੈ, ਤਾਂ ਉਸ ਦਾ ਪਤਾ ਲੱਗਣ ਅਤੇ ਲੱਛਣਾਂ ਦੇ ਠੀਕ ਹੋਣ ਤੋਂ ਬਾਅਦ ਕੋਵਿਡ-19 ਦਾ ਵੈਕਸੀਨ ਲਾਉਣ ਲਈ 90 ਦਿਨਾਂ ਲਈ ਉਡੀਕ ਕਰੋ।
- ਕਿਉਂਕਿ ਹੋਰ ਵੈਕਸੀਨਾਂ ਦੇ ਨਾਲ ਇਹ ਵੈਕਸੀਨ ਲਾਉਣ ਬਾਰੇ ਕੋਈ ਅਧਿਐਨ ਮੌਜੂਦ ਨਹੀਂ ਹਨ, ਇਸ ਲਈ ਕੋਵਿਡ-19 ਦੇ ਵੈਕਸੀਨ ਦੀ ਖ਼ੁਰਾਕ ਤੋਂ ਬਾਅਦ 2 ਹਫਤਿਆਂ ਤੱਕ ਕੋਈ ਹੋਰ ਵੈਕਸੀਨ ਲਾਉਣ ਤੋਂ ਪਰਹੇਜ਼ ਕਰੋ।
- ਇਹ ਵੈਕਸੀਨ ਉਨ੍ਹਾਂ ਮਰੀਜ਼ਾਂ ਦੇ ਨਹੀਂ ਲਾਇਆ ਜਾਣਾ ਚਾਹੀਦਾ ਜਿਨ੍ਹਾਂ ਵਿੱਚ ਵੈਕਸੀਨ ਵਿਚਲੇ ਕਿਸੇ ਹਿੱਸੇ (ਜਿਵੇਂ ਕਿ ਪੌਲੀਐਥਲੀਨ ਗਲਾਈਕੋਲ) ਕਾਰਨ ਐਨਾਫਾਈਲੈਕਟਿਕ (ਅਲਰਜੀ ਦਾ) ਪ੍ਰਤੀਕਰਮ ਹੋ ਚੁੱਕਾ ਹੋਵੇ
- ਕਿਉਂਕਿ ਅੰਗ ਟ੍ਰਾਂਸਪਲਾਂਟ ਦੇ ਮਰੀਜ਼ਾਂ ਵਿੱਚ ਆਮ ਲੋਕਾਂ ਦੇ ਮੁਕਾਬਲੇ ਘੱਟ ਕਾਰਗਰਤਾ ਦਾ ਅਨੁਮਾਨ ਹੈ, ਇਸ ਲਈ ਜ਼ੋਰਦਾਰ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਮਰੀਜ਼ ਇਨਫੈਕਸ਼ਨ ਨੂੰ ਕੰਟਰੋਲ ਕਰਨ ਦੇ ਉਪਾਅ ਵਰਤਣੇ ਜਾਰੀ ਰੱਖਣ। ਇਸ ਦੇ ਨਾਲ ਹੀ ਜਦੋਂ ਸੰਭਵ ਹੋਵੇ ਉਦੋਂ ਅੰਗ ਪ੍ਰਾਪਤ ਕਰਨ ਵਾਲੇ (ਟ੍ਰਾਂਸਪਲਾਂਟ ਰਿਸੀਪੀਐਂਟਸ) ਦੇ ਸੰਪਰਕ ਵਿੱਚ ਆਉਣ ਵਾਲੇ ਘਰ ਦੇ ਦੂਸਰੇ ਲੋਕਾਂ ਦੇ ਵੀ ਵੈਕਸੀਨ ਲਾਏ ਜਾਣ।

## ਅੰਗ ਪ੍ਰਾਪਤ ਕਰਨ ਵਾਲੇ ਮਰੀਜਾਂ (ਟ੍ਰਾਂਸਪਲਾਂਟ ਪੇਸ਼ੇਂਟਸ) ਲਈ ਵੈਕਸੀਨ ਕਦੋਂ ਉਪਲਬਧ ਹੋਵੇਗਾ?

ਕੈਨੇਡਾ ਵਿੱਚ ਇਸ ਸਮੇਂ ਜਿਨ੍ਹਾਂ ਗਰੁੱਪਾਂ ਦੇ ਪਹਿਲਾਂ ਵੈਕਸੀਨ ਲਾਇਆ ਜਾਵੇਗਾ, ਉਨ੍ਹਾਂ ਵਿੱਚ ਸ਼ਾਮਲ ਹਨ ਲੌਂਗ-ਟਰਮ ਕੇਅਰ ਵਿੱਚ ਰਹਿਣ ਵਾਲੇ/ਕੰਮ ਕਰਨ ਵਾਲੇ ਲੋਕ, ਹੈਲਥਕੇਅਰ ਵਰਕਰ ਅਤੇ ਮੂਲਵਾਸੀ ਲੋਕ। ਜਦੋਂ ਵੈਕਸੀਨਾਂ ਦੀ ਸਪਲਾਈ ਕਾਫੀ ਹੋ ਜਾਵੇਗੀ, ਉਦੋਂ ਹੋਰ ਲੋਕਾਂ ਦੀ ਨਿਸ਼ਾਨਦੇਹੀ ਕੀਤੀ ਜਾਵੇਗੀ ਅਤੇ ਹੌਲੀ ਹੌਲੀ ਵੈਕਸੀਨ ਸਾਰੇ ਲੋਕਾਂ ਲਈ ਉਪਲਬਧ ਹੋਵੇਗਾ। ਇਸ ਤਰ੍ਹਾਂ, ਹੋ ਸਕਦਾ ਹੈ ਕਿ ਮਾਰਚ ਜਾਂ ਅਪ੍ਰੈਲ 2021 ਵਿੱਚ ਜਾ ਕੇ ਵੈਕਸੀਨ ਅੰਗ ਪ੍ਰਾਪਤ ਕਰਨ ਵਾਲੇ ਮਰੀਜ਼ਾਂ (ਟ੍ਰਾਂਸਪਲਾਂਟ ਪੇਸ਼ੇਂਟਸ) ਨੂੰ ਲਾਇਆ ਜਾ ਸਕੇ। ਪਰ ਇਹ ਵੀ ਹੋ ਸਕਦਾ ਹੈ ਕਿ ਕੁੱਝ ਸੂਬਿਆਂ ਵਿੱਚ ਅੰਗ ਪ੍ਰਾਪਤ ਕਰਨ ਵਾਲੇ ਮਰੀਜ਼ਾਂ (ਟ੍ਰਾਂਸਪਲਾਂਟ ਪੇਸ਼ੇਂਟਸ) ਨੂੰ ਪਹਿਲ ਦਿੱਤੀ ਜਾਵੇ, ਪਰ ਇਸ ਸਮੇਂ ਇਹ ਨਿਸ਼ਚਿਤ ਨਹੀਂ ਹੈ। ਭਵਿੱਖ ਵਿੱਚ ਹੋਰ ਵੈਕਸੀਨਾਂ ਨੂੰ ਵੀ ਮਾਨਤਾ ਮਿਲ ਸਕਦੀ ਹੈ, ਅਤੇ ਸਾਨੂੰ ਮਾੜੇ ਅਸਰਾਂ ਬਾਰੇ ਹੋਰ ਜਾਣਕਾਰੀ ਵੀ ਮਿਲ ਸਕਦੀ ਹੈ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਅੰਗ ਪ੍ਰਾਪਤ ਕਰਨ ਵਾਲੇ ਮਰੀਜ਼ (ਟ੍ਰਾਂਸਪਲਾਂਟ ਪੇਸ਼ੇਂਟਸ) ਲੌਂਗ ਟਰਮ ਕੇਅਰ ਵਿੱਚ ਕੰਮ ਕਰਦੇ/ਰਹਿੰਦੇ ਹੋ ਸਕਦੇ ਹਨ ਅਤੇ/ਜਾਂ ਹੈਲਥ ਕੇਅਰ ਵਰਕਰ ਹੋ ਸਕਦੇ ਹਨ। ਇਸ ਲਈ ਇਨ੍ਹਾਂ ਲੋਕਾਂ ਨੂੰ ਵੈਕਸੀਨ ਪਹਿਲਾਂ ਮਿਲੇਗਾ ।

## ਅੰਗ ਪ੍ਰਾਪਤ ਕਰਨ ਵਾਲੇ ਬੱਚੇ-ਮਰੀਜ਼ਾਂ (ਪੀਡੀਐਟਰਿਕ ਟ੍ਰਾਂਸਪਲਾਂਟ ਪੇਸ਼ੇਂਟਸ) ਦੇ ਸੰਬੰਧ ਵਿੱਚ ਕੀ ਜਾਣਕਾਰੀ ਹੈ?

ਇਸ ਸਮੇਂ ਵੈਕਸੀਨ ਨੂੰ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਲਾਉਣ ਦੀ ਮਾਨਤਾ ਨਹੀਂ ਹੈ, ਪਰ ਜਦੋਂ ਇਹ ਮਾਨਤਾ ਮਿਲ ਗਈ ਤਾਂ ਅਸੀਂ ਉਮੀਦ ਕਰਦੇ ਹਾਂ ਕਿ ਅੰਗ ਪ੍ਰਾਪਤ ਕਰਨ ਵਾਲੇ ਬੱਚੇ-ਮਰੀਜ਼ਾਂ (ਪੀਡੀਐਟਰਿਕ ਟ੍ਰਾਂਸਪਲਾਂਟ ਪੇਸ਼ੇਂਟਸ) ਦੇ ਸੰਬੰਧ ਵਿੱਚ ਵੀ ਇਹੋ ਜਿਹੀਆਂ ਸਿਫਾਰਿਸ਼ਾਂ ਲਾਗੂ ਹੋਣਗੀਆਂ। ਇਸ ਸਮੇਂ 12 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਲੋਕਾਂ ਦੇ ਸੰਬੰਧ ਵਿੱਚ ਅਧਿਐਨ ਹੋ ਰਹੇ ਹਨ।

## ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਿਫਾਰਿਸ਼ਾਂ ਕੀ ਹਨ?

ਸੀ ਡੀ ਸੀ ਐਡਵਾਇਜ਼ਰੀ ਕਮੇਟੀ ਔਨ ਇਮੀਊਨਾਈਜੇਸ਼ਨ ਪ੍ਰੈਕਟਿਸਜ਼ –(ਏ ਸੀ ਆਈ ਪੀ; ਯੂ. ਐੱਸ) ਅਤੇ ਜੁਆਇੰਟ ਕਮੇਟੀ ਔਨ ਵੈਕਸੀਨੇਸ਼ਨ ਐਂਡ ਇਮੀਊਨਾਈਜੇਸ਼ਨ (ਜੇ ਸੀ ਵੀ ਆਈ; ਯੂ. ਕੇ.) ਨੇ ਕਿਹਾ ਹੈ ਕਿ ਉਪਲਬਧ ਹੋਣ 'ਤੇ ਬੀਮਾਰੀਆਂ ਨਾਲ ਲੜਨ ਵਾਲੀ

ਕਮਜ਼ੋਰ ਪ੍ਰਣਾਲੀ ਵਾਲੇ ਲੋਕਾਂ (ਇਮੀਉਨੋਕੰਪਰੋਮਾਈਜ਼ਡ ਪਾਪੂਲੇਸ਼ਨ) ਦੇ ਵੈਕਸੀਨ ਲਾਏ ਜਾ ਸਕਦੇ ਹਨ। ਜੇ ਸੀ ਵੀ ਆਈ ਨੇ ਅੰਗ ਪ੍ਰਾਪਤ ਕਰ ਚੁੱਕੇ ਮਰੀਜ਼ਾਂ (ਪੇਸ਼ੈਂਟ ਵਿਦ ਟ੍ਰਾਂਸਪਲਾਂਟ) ਨੂੰ ਪਹਿਲ ਦਿੱਤੇ ਜਾਣ ਵਾਲੇ ਕਮਜ਼ੋਰ ਲੋਕਾਂ ਦੀ ਸੂਚੀ ਵਿੱਚ ਰੱਖਿਆ ਹੈ। ਏ ਐਸ ਟੀ (ਅਮਰੀਕਨ ਸੁਸਾਇਟੀ ਆਫ ਟ੍ਰਾਂਸਪਲਾਂਟੇਸ਼ਨ) ਅਤੇ ਆਈ ਐੱਸ ਐੱਚ ਐੱਲ ਟੀ (ਇੰਟਰਨੈਸ਼ਨਲ ਸੁਸਾਇਟੀ ਫਾਰ ਹਰਟ ਐਂਡ ਲੰਗ ਟ੍ਰਾਂਸਪਲਾਂਟੇਸ਼ਨ) ਨੇ ਵੀ ਉਪਲਬਧ ਹੋਣ 'ਤੇ ਅੰਗ ਪ੍ਰਾਪਤ ਕਰਨ ਵਾਲੇ ਮਰੀਜ਼ਾਂ (ਟ੍ਰਾਂਸਪਲਾਂਟ ਪੇਸ਼ੇਂਟਸ) ਦੇ ਵੈਕਸੀਨ ਲਾਉਣ ਦੀ ਸਿਫਾਰਿਸ਼ ਕੀਤੀ ਹੈ। ਹੈਲਥ ਕੈਨੇਡਾ ਅਤੇ ਐੱਫ ਡੀ ਏ ਨੇ ਬੀਮਾਰੀਆਂ ਨਾਲ ਲੜਨ ਵਾਲੀ ਕਮਜ਼ੋਰ ਪ੍ਰਣਾਲੀ ਵਾਲੇ ਲੋਕਾਂ (ਇਮੀਊਨੋਕੰਪਰੋਮਾਈਜ਼ਡ) ਦੇ ਵੈਕਸੀਨ ਨਾ ਲਾਉਣ ਦੀ ਗੱਲ ਨਹੀਂ ਕਹੀ, ਭਾਵੇਂ ਕਿ ਉਨ੍ਹਾਂ ਨੇ ਕਿਹਾ ਹੈ ਕਿ ਇਨ੍ਹਾਂ ਲੋਕਾਂ ਵਿੱਚ ਵੈਕਸੀਨ ਦੀ ਕਾਰਗਰਤਾ ਅਤੇ ਮਾੜੇ ਅਸਰ ਹੋਣ ਬਾਰੇ ਕੋਈ ਜਾਣਕਾਰੀ ਉਪਲਬਧ ਨਹੀਂ ਹੈ।

ਕੈਨੇਡਾ ਵਿਚਲੀ ਨੈਸ਼ਨਲ ਐਡਵਾਇਜ਼ਰੀ ਕਮੇਟੀ ਔਨ ਇਮੀਊਨਾਈਜੇਸ਼ਨ ਨੇ ਆਪਣੀਆਂ ਸਿਫਾਰਿਸ਼ਾਂ ਨੂੰ ਅਪਡੇਟ ਕੀਤਾ ਹੈ ਅਤੇ ਕਿਹਾ ਹੈ ਕਿ ਵੈਕਸੀਨ ਲਾਉਣ ਦੇ ਖਤਰਿਆਂ ਅਤੇ ਲਾਭਾਂ 'ਤੇ ਵਿਚਾਰ ਕਰਨ ਅਤੇ ਲੋਕਾਂ ਨੂੰ ਇਹ ਦੱਸਣ ਤੋਂ ਬਾਅਦ ਕਿ ਵੈਕਸੀਨ ਲਾਉਣ ਦੀ ਕਾਰਗਰਤਾ ਅਤੇ ਸੁਰੱਖਿਆ ਬਾਰੇ ਜਾਣਕਾਰੀ ਦੀ ਘਾਟ ਹੈ, ਬੀਮਾਰੀਆਂ ਨਾਲ ਲੜਨ ਵਾਲੀ ਕਮਜ਼ੋਰ ਪ੍ਰਣਾਲੀ ਵਾਲੇ ਲੋਕਾਂ (ਇਮੀਊਨੋਕੰਪਰੋਮਾਈਜ਼ਡ) ਦੇ ਵੈਕਸੀਨ ਲਾਇਆ ਜਾ ਸਕਦਾ ਹੈ। ਬੀਮਾਰੀਆਂ ਨਾਲ ਲੜਨ ਵਾਲੀ ਪ੍ਰਣਾਲੀ ਦੇ ਘੁੱਟੇ ਹੋਣ ਦੀ ਸਥਿਤੀ ਵਾਲੇ ਲੋਕਾਂ (ਇਮੀਊਨੋਸੁਪਰੈਸਡ) ਅਤੇ ਬੀਮਾਰੀਆਂ ਨਾਲ ਲੜਨ ਵਾਲੀ ਕਮਜ਼ੋਰ ਪ੍ਰਣਾਲੀ ਵਾਲੇ ਲੋਕਾਂ (ਇਮੀਊਨੋਕੰਪਰੋਮਾਈਜ਼ਡ) ਵਿੱਚ ਵੈਕਸੀਨ ਦੀ ਕਾਰਗਤਰ ਘੱਟ ਹੋ ਸਕਦੀ ਹੈ, ਇਸ ਲਈ ਇਨ੍ਹਾਂ ਲੋਕਾਂ ਨੂੰ ਕੋਵਿਡ-19 ਦੀ ਰੋਕਥਾਮ ਲਈ ਇਨਫੈਕਸ਼ਨ ਕੰਟਰੋਲ ਕਰਨ ਦੇ ਉਪਾਵਾਂ ਨੂੰ ਵਰਤਦੇ ਰਹਿਣਾ ਚਾਹੀਦਾ ਹੈ।

## ਸਾਰ

ਇਹਨਾਂ ਤੱਥਾਂ ਨੂੰ ਧਿਆਨ ਵਿੱਚ ਰੱਖਦਿਆਂ ਕਿ: (ਏ) ਕੋਵਿਡ-19 ਅੰਗ ਪ੍ਰਾਪਤ ਕਰਨ ਵਾਲੇ (ਟ੍ਰਾਂਸਪਲਾਂਟ ਰਿਸੀਪੀਐਂਟ) ਨੂੰ ਗੰਭੀਰ ਬੀਮਾਰੀ ਲਾ ਸਕਦਾ ਹੈ, (ਬੀ) ਬਹੁਤੀ ਵਾਰ ਅੰਗ ਪ੍ਰਾਪਤ ਕਰਨ ਵਾਲੇ ਲੋਕਾਂ (ਟ੍ਰਾਂਸਪਲਾਂਟ ਰਿਸੀਪੀਐਂਟਸ) ਨੂੰ ਹੋਰ ਬੀਮਾਰੀਆਂ ਵੀ ਹੁੰਦੀਆਂ ਹਨ, (ਸੀ) ਹੈਲਥ ਕੈਨੇਡਾ ਅਨੁਸਾਰ ਅੰਗ ਟ੍ਰਾਂਸਪਲਾਂਟ ਕਰਨਾ (ਟ੍ਰਾਂਸਪਲਾਂਟੇਸ਼ਨ) ਕੋਵਿਡ ਵੈਕਸੀਨ ਨਾ ਦਿੱਤੇ ਜਾਣ ਦਾ ਕਾਰਨ ਨਹੀਂ ਹੈ, ਇਸ ਲਈ ਅਸੀਂ ਸਿਫਾਰਿਸ਼ ਕਰਦੇ ਹਾਂ ਕਿ ਅੰਗ ਪ੍ਰਾਪਤ ਕਰਨ ਤੋਂ ਪਹਿਲਾਂ ਅਤੇ ਅੰਗ ਪ੍ਰਾਪਤ ਕਰਨ ਤੋਂ ਬਾਅਦ ਵਾਲੇ ਮਰੀਜ਼ਾਂ ਦੀ ਵਸੋਂ (ਪ੍ਰੀ ਐਂਡ ਪੋਸਟ ਟ੍ਰਾਂਸਪਲਾਂਟ ਪੇਸ਼ੇਂਟ ਪਾਪੂਲੇਸ਼ਨ) ਦੇ ਵੈਕਸੀਨ ਲਾਇਆ ਜਾ ਸਕਦਾ ਹੈ, ਜਦੋਂ ਵੀ ਵੈਕਸੀਨ ਉਨ੍ਹਾਂ ਲਈ ਉਪਲਬਧ ਹੋਵੇ। ਮਾਹਰਾਂ ਦੀ ਰਾਇ ਦੇ ਅਨੁਸਾਰ, ਅਸੀਂ ਸਿਫਾਰਿਸ਼ ਕਰਦੇ ਹਾਂ ਕਿ  ਵੈਕਸੀਨ ਨਾਲ ਹੋਣ ਵਾਲੇ ਸੰਭਾਵੀ ਫਾਇਦੇ ਬੀਮਾਰੀਆਂ ਨਾਲ ਲੜਨ ਵਾਲੀ ਪ੍ਰਣਾਲੀ ਦੇ ਪ੍ਰਤੀਕਰਮ (ਇਮਿਊਨੋਜੈਨਿਸਟੀ) ਬਾਰੇ ਕਾਲਪਨਿਕ ਖਤਰਿਆਂ ਜਾਂ ਸਰੋਕਾਰਾਂ ਤੋਂ ਜ਼ਿਆਦਾ ਹਨ। *ਇਸ ਵਸੋਂ ਵਿੱਚ ਕੋਵਿਡ ਦੀ ਤੀਖਣਤਾ ਵੱਧ ਹੋਣ ਕਾਰਨ ਅਸੀਂ ਇਹ ਵੀ ਸਿਫਾਰਿਸ਼ ਕਰਦੇ ਹਾਂ ਕਿ ਅੰਗ ਪ੍ਰਾਪਤ ਕਰਨ ਵਾਲੇ ਮਰੀਜ਼ਾਂ (ਟ੍ਰਾਂਸਪਲਾਂਟ ਪੇਸ਼ੇਂਟਸ) ਨੂੰ ਵੈਕਸੀਨ ਲਾਉਣ ਲਈ ਪਹਿਲ ਦਿੱਤੀ ਜਾਵੇ।* ਅੰਗ ਪ੍ਰਾਪਤ ਕਰਨ ਵਾਲੇ ਮਰੀਜ਼ਾਂ (ਟ੍ਰਾਂਸਪਲਾਂਟ ਪੇਸ਼ੇਂਟਸ) ਨੂੰ ਸੁਰੱਖਿਆ ਅਤੇ ਕਾਰਗਰਤਾ ਬਾਰੇ ਜਾਣਕਾਰੀ ਦੀ ਘਾਟ ਤੋਂ ਜਾਣੂ ਕਰਵਾਇਆ ਜਾਣਾ ਚਾਹੀਦਾ ਹੈ ਅਤੇ ਕਿਸੇ ਵੀ ਮਾੜੇ ਅਸਰਾਂ ਬਾਰੇ ਰਿਪੋਰਟ ਕਰਨ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

## ਜ਼ਿੰਮੇਵਾਰੀ ਲੈਣ ਤੋਂ ਇਨਕਾਰ

ਇਸ ਸੇਧ ਦਾ ਮਤਲਬ ਇਲਾਜ ਨਾਲ ਸੰਬੰਧਿਤ ਨਿਰਣੈ (ਕਲੀਨੀਕਲ ਜੱਜਮੈਂਟ) ਦੀ ਥਾਂ ਲੈਣਾ ਨਹੀਂ ਹੈ। ਇਸ ਖੇਤਰ ਵਿੱਚ ਤੇਜ਼ੀ ਨਾਲ ਤਬਦੀਲੀਆਂ ਹੋ ਰਹੀਆਂ ਹਨ ਅਤੇ ਇਸ ਹੀ ਤਰ੍ਹਾਂ ਸਮਾਂ ਪੈਣ ਨਾਲ ਸੇਧ ਵਿੱਚ ਤਬਦੀਲੀਆਂ ਹੋਣ ਦਾ ਸੰਭਾਵਨਾ ਹੈ। ਇਲਾਜ ਨਾਲ ਸੰਬੰਧਿਤ ਕੋਈ ਵੀ ਨਿਰਣਾ (ਕਲੀਨੀਕਲ ਡਿਸੀਜ਼ਨ) ਤਾਜ਼ਾ ਉਪਲਬਧ ਜਾਣਕਾਰੀ ਦੇ ਆਧਾਰ 'ਤੇ ਲੈਣਾ ਚਾਹੀਦਾ ਹੈ।

## ਤਸਦੀਕ

ਇਹ ਸੇਧਾਂ ਯੂ ਐੱਚ ਐੱਨ ਅਜਮੇਰਾ ਟ੍ਰਾਂਸਪਲਾਂਟ ਸੈਂਟਰ ਵੱਲੋਂ ਤਿਆਰ ਕੀਤੀਆਂ ਗਈਆਂ ਹਨ ਅਤੇ ਕੈਨੇਡੀਅਨ ਸੁਸਾਇਟੀ ਔਫ ਟ੍ਰਾਂਸਪਲੈਨਟੇਸ਼ਨ ਵੱਲੋਂ ਇਨ੍ਹਾਂ ਨੂੰ ਦੀ ਤਸਦੀਕ ਕੀਤੀ ਗਈ ਹੈ।

**References**

1. Polack FP, Thomas SJ, Kitchin N, et al. Safety and Efficacy of the BNT162b2 mRNA Covid-19 Vaccine. N Engl J Med. 2020 Dec 31;383(27):2603-2615. doi: 10.1056/NEJMoa2034577. Epub 2020 Dec 10. PMID: 33301246.
2. Baden LR, El Sahly HM, Essink B, et al. Efficacy and Safety of the mRNA-1273 SARS-CoV-2 Vaccine. N Engl J Med. 2020 Dec 30:NEJMoa2035389. doi: 10.1056/NEJMoa2035389. Epub ahead of print. PMID: 3337860.
3. Voysey M, Clemens SAC, Madhi SA, et al.. Safety and efficacy of the ChAdOx1 nCoV-19 vaccine (AZD1222) against SARS-CoV-2: an interim analysis of four randomised controlled trials in Brazil, South Africa, and the UK. Lancet. 2021 Jan 9;397(10269):99-111. doi: 10.1016/S0140-6736(20)32661-1. Epub 2020 Dec 8. Erratum in: Lancet. 2021 Jan 9;397(10269):98. PMID: 33306989.
4. https://www.gov.uk/government/publications/priority-groups-for-coronavirus-covid-19-vaccination-advice-from-the-jcvi-30-december-2020 (accessed Jan 23, 2021)
5. https://www.myast.org/covid-19-information (accessed Jan 23, 2021)
6. ਐਡਵਾਇਜ਼ਰੀ ਕਮੇਟੀ ਔਨ ਇਮੀਊਨਾਈਜੇਸ਼ਨ ਪ੍ਰੈਕਟਿਸਜ਼- ਲਾਈਵ ਡਿਸਕਸ਼ਨ ਐਂਡ ਵੋਟ-ਦਸੰਬਰ 12, 2020.
7. https://www.canada.ca/en/public-health/services/immunization/national-advisory-committee-on-immunization-naci/recommendations-use-covid-19-vaccines.html#a7
8. https://covid-vaccine.canada.ca/info/pdf/pfizer-biontech-covid-19-vaccine-pm1-en.pdf
9. https://covid-vaccine.canada.ca/info/pdf/moderna-covid-19-vaccine-pm1.pdf
10. https://healthycanadians.gc.ca/recall-alert-rappel-avis/hc-sc/2020/74543a-eng.php
11. https://www.canada.ca/en/health-canada/services/drugs-health-products/covid19-industry/drugs-vaccines-treatments/vaccines/moderna.html#a11